# ਸਰਬੱਤ ਦੇ ਭਲੇ ਲਈ

**(ਸਾਰੀ ਲੋਕਾਈ ਦੇ ਮਨੁਖਾਂ ਦੇ ਦਿਲਾਂ ਵਿਚ )**

## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਜ ਦੀ ਆਹਟ

ਕੀ ਆਪ ਜੀ ਨੂੰ ਪਤਾ ਹੈ ਕਿ
1. ਸਿੱਖੀ ਸਮੁੱਚੀ ਮਾਨਵਤਾ ਦੇ ਭਲੇ ਲਈ ਹੋਂਦ ਵਿੱਚ ਆਈ ਸੀ?
2. ਗੁਰੂ ਸਾਹਿਬ ਅਤੇ ਬੇਅੰਤ ਸਿੱਖਾਂ ਦੀਆ ਕੁਰਬਾਨੀਆਂ ਸਰਬੱਤ ਦੇ ਭਲੇ ਲਈ ਹੀ ਹਨ? ਹਾਂ ਨਹੀਂ

ਕੀ ਅੱਜ ਹਾਲਾਤ ਗੁਰੂ ਸਾਹਿਬ ਅਨੁਸਾਰ **ਸਰਬੱਤ ਦੇ ਭਲੇ** ਵਾਲੇ ਹਨ? ਹਾਂ ਨਹੀਂ

**ਕੀ ਆਪ ਜੀ ਨੂੰ ਪਤਾ ਹੈ ਸਾਡੇ ਭਟਕਣ ਦੇ ਕਾਰਣ ਕੀ ਹਨ ?**

1. **ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ** "ਮੂਲ ਉਦੇਸ਼" (**ਸਰਬੱਤ ਦੇ ਭਲੇ** ) ਤੋਂ ਭਟਕ ਕੇ ਨਿੱਜੀ ਸਵਾਰਥਾਂ ਦਾ ਪੈਦਾ ਹੋ ਜਾਣਾ।
2. ਅਣਮਨੁੱਖੀ ਅਨਸਰਾਂ ਵੱਲੋਂ ਗੁਰਬਾਣੀ ਅਤੇ ਇਤਿਹਾਸ ਦੀ ਵਿਆਖਿਆ ਆਪਣੇ ਸੁਆਰਥਾਂ ਅਨੁਸਾਰ ਕਰਨੀ।
3. ਅਣਮਨੁੱਖੀ ਅਨਸਰਾਂ ਵੱਲੋਂ ਬੜੀ ਵਿਓਤਬੰਦੀ ਨਾਲ **ਸਰਬੱਤ ਦੇ ਭਲੇ ਦੇ** ਇਸ ਉਦੇਸ਼ ਤੋਂ ਕੌਮ ਦਾ ਧਿਆਣ ਹਟਾਉਣਾ, ਸਿੱਖ ਨੂੰ ਸਿੱਖ ਤੋਂ ਦੂਰ ਕਰਨਾ ਅਤੇ ਇਸ ਦਾ ਦੋਸ਼ੀ ਵੀ ਸਿੱਖਾਂ ਨੂੰ ਸਾਬਤ ਕਰ ਦੇਣਾ । ਹਾਂ ਨਹੀਂ

**ਕੀ ਆਪ ਜੀ ਨੂੰ ਇਸ ਦੇ ਨਤੀਜੇ ਪਤਾ ਹਨ ?**

| | | |
|---|---|---|
| ਜੀਵਨ ਦੇ ਹਰ ਖੇਤਰ ਵਿੱਚ ਅਣਗਿਣਤ ਸਮੱਸਿਆਵਾਂ? | ਹਾਂ | ਨਹੀਂ |
| ਇਹਨਾਂ ਸਮੱਸਿਆਵਾਂ ਦਾ ਕੋਈ ਹੱਲ ਨਜ਼ਰ ਆ ਰਿਹਾ ਹੈ? | ਹਾਂ | ਨਹੀਂ |
| ਕਿ ਸਾਨੂੰ ਸਾਰਿਆਂ ਨੂੰ ਮਿਲਕੇ ਇਸਦਾ ਹੱਲ ਲੱਭਣਾ / ਕਰਨਾ ਚਾਹੀਦਾ ਹੈ ? | ਹਾਂ | ਨਹੀਂ |

***ਕਿਸੇ ਹੋਰ ਗੱਲ ਦਾ ਇੰਤਜ਼ਾਰ ਕੀਤੇ ਬਿਨਾਂ ਆਓ ਸਾਰੇ ਮਿਲਕੇ ਇਸ ਦਾ ਹੱਲ ਲੱਭੀਏ ਅਤੇ ਅੱਗੇ ਵਧੀਏ :-***

1. ਇਹ ਕਾਰਜ ਸੰਸਾਰ ਦੇ ਸਾਂਝੇ ਰਹਿਬਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਬਰੀ ਤੋਂ ਬਿਨਾਂ ਸੰਪੂਰਨ ਹੋ ਹੀ ਨਹੀਂ ਸਕਦਾ। ਇਸ ਲਈ ਗੁਰੂ ਸਾਹਿਬ ਹੀ ਸਾਡੇ ਰੱਬ, ਰਾਜਾ, ਮਹਾਰਾਜਾ, ਸ਼ਹਨਸ਼ਾਹ, ਸਭ ਕੁਝ ਹੀ ; ਬਾਕੀ ਸਭ ਸਿੱਖ ਮਰਜੀਵੜੇ ਸੇਵਾਦਾਰ

2. ਇਹ ਪੰਥ ਸਰਬੱਤ ਦੇ ਭਲੇ ਲਈ ਅਪਨਾ ਸੁਖ ਤਿਆਗਣ ਵਾਲੇ ਨਿਸਕਾਮ ਮਰਜੀਵੜਿਆਂ ਦਾ ਸੀ ਅਤੇ ਅੱਜ ਭੀ ਸਾਡੀ ਇਹੀ ਅਰਦਾਸ ਹੈ, ਅਸੀਂ ਸਾਰੇ ਫਿਰ ਤੋਂ ਗੁਰੂ ਦੇ ਮਰਜੀਵੜੇ ਸੇਵਾਦਾਰ ਬਣ ਜਾਈਏ ।

3. ਇਸ ਲਈ ਆਪ ਜੀ ਸੱਚ ਵਿੱਚ ਅੰਤਰ ਆਤਮੇ ਚਾਹੁੰਦੇ ਹੋ ਕਿ ਸੰਸਾਰ ਵਿੱਚ ਹੁਣ ਠੰਡ ਵਰਤੇ। ਹਰ ਪ੍ਰਾਣੀ ਸੁੱਖੀ ਵੱਸੇ ਗੁਰੂ ਸਾਹਿਬ ਅਨੁਸਾਰ, ਹਲੇਮੀ ਰਾਜ (Humility Kingdom), ਬੇਗਮਪੁਰਾ (No-Sorrow Earth – Happy Earth) ਕਾਇਮ ਹੋਵੇ ।
ਪਰਮੇਸ਼ਰ ਖ਼ਲਕਤ (ਲੋਕਾਈ) ਵਿੱਚ ਹੈ ਇਸ ਲਈ ਖ਼ਲਕਤ (ਲੋਕਾਈ) ਦਾ ਰਾਜ ਹੀ ਪਰਮੇਸ਼ਰ ਦਾ ਰਾਜ ਹੈ। ਹਲੇਮੀ ਰਾਜ ਬੇਗਮਪੁਰੇ ਦੀ ਸਥਾਪਨਾ ਲਈ ਮੈ ਗੁਰੂ ਸਾਹਿਬ ਨੂੰ ਹੀ ਰੱਬ ਰਾਜਾ, ਮਹਾਰਾਜ ਅਤੇ ਸਭ ਕੁਝ ਹੀ ਮੰਨਦੇ ਹੋਏ ਸਾਰੇ ਸੰਸਾਰ ਵਿਚ ਐਸੀ ਪ੍ਰਣਾਲੀ ਚਾਹੁੰਦਾ/ਚਾਹੁੰਦੀ ਹਾਂ ਜੋ ਪੂਰਾ ਸੰਸਾਰ ਮਨੁੱਖੀ ਭਾਈਚਾਰੇ, ਬਰਾਬਰੀ ਦੀ ਮਿਸਾਲ ਹੋ ਜਾਵੇ।
ਮੈਂ ਇਸ ਦਾ ਦ੍ਰਿੜਤਾ ਨਾਲ ਪਾਲਨ ਕਰਾਂਗਾ/ ਕਰਾਂਗੀ । ਮਰਜੀਵੜਿਆਂ ਨੂੰ ਤਿਆਰ ਕਰਨ ਅਤੇ ਹਲੇਮੀ ਰਾਜ ਦੀ ਸਥਾਪਨਾ ਲਈ ਹਰ ਤਰ੍ਹਾਂ ਦਾ ਨਾਲ ਤਿਆਰ ਰਹਾਂਗਾ / ਰਹਾਂਗੀ ।
(ਧਰਤ ਸੁਹਾਵੀ Happy Earth ਲਈ ਸ਼ਿੱਖ ਬੱਚੇ - ਬੱਚੀਆਂ ਨੇ ਜਿੱਥੇ ਅਪਨੀ ਜ਼ੁਮੇਵਾਰੀ ਖ਼ੁਦ ਤੈਅ ਕਰਨੀ ਹੈ, ਸਰਬੱਤ ਦੇ ਭਲੇ ਦੀ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਵੀਰਾਂ/ਭੈਣਾਂ ਕੋਲੋਂ ਇਹ ਫ਼ਾਰਮ ਵੀ ਭਰਵਾਉਣੇ ਹਨ ।)

ਮੈਂ (Name) ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਮੰਨਦੇ ਹੋਇ ਬਿਨਾਂ ਕਿਸੇ, ਸਵਾਰਥ, ਲਾਲਚ, ਅਹੁਦੇ, ਸ਼ੋਭਾ, ਲੀਡਰੀ, ਮਾਣ, ਵਡਿਆਈ ਦੀ ਕਾਮਨਾ ਰੱਖੇ , ਬਿਨਾ ਕਿਸੇ ਉੱਚ-ਨੀਚ, ਜਾਤ-ਪਾਤ, ਅਮੀਰ- ਗਰੀਬ ਦਾ ਭੇਦ ਕੀਤੇ, ਅਪਣੇ ਇਲਾਕੇ ਅਤੇ ਸਾਰੇ ਸੰਸਾਰ ਦੇ ਸਬ ਸਿੱਖਾਂ ਦੀ ਆਪਸੀ ਏਕਤਾ ਲਈ, ਹੱਥ ਜੋੜ ਮਰਜੀਵੜੇ ਸੇਵਾਦਾਰ ਬਣਨ ਦਾ ਪ੍ਰਣ ਪੱਤਰ ਭਰ ਰਿਹਾ/ ਰਹੀ ਹਾਂ ਜੀ..
ਅਪਣੇ ਨਾਲ ਮੈਂ -------ਹੋਰ ਸੰਗੀ ਵੀਰਾਂ/ਭੈਣਾਂ ਕੋਲੋਂ ਇਹ ਪ੍ਰਣ ਪੱਤਰ ਭਰਵਾ ਕੇ ਪਿਆਰ ਅਤੇ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਛੱਤਰ ਰਾਜ ਲਈ, ਸਿੱਖ ਏਕੇ ਲਈ, ਅਗੇ ਵਧਦਾ ਹੋਇਆ, ਜਨਮ ਗੁਰੂ ਸਾਹਿਬ ਦੇ ਲੇਖੇ ਲਾਕੇ ਗੁਰੂ ਸਾਹਿਬ ਜੀ ਅਤੇ ਸੰਗਤਾਂ ਦੇ ਅਸ਼ੀਰਵਾਦ ਦਾ ਹੱਕਦਾਰ ਬਣਾਗਾ/ ਬਣਾਂਗੀ ।

ਫੋਨ ਨੰ. ਪਿੰਡ- ਜਿਲਾ- ਸਟੇਟ

ਫਾਰਮ ਭਰਕੇ ਇਸ ਫ਼ਾਰਮ ਦਾ ਰਿਕਾਰਡ ਅਪਣੇ ਗੁਰਦਵਾਰੇ ਚ ਚ ਰੱਖੋ ਜੀ. ਹੋਰਨਾਂ ਤੋਂ ਵੀ ਇਸ ਫ਼ਾਰਮ ਭਰਵਾਓ ਜੀ ਅਤੇ Happy Earth App ਤੇ ਇਸਦੀ ਡਿਟੇਲ ਭੇਜੋ ਜੀ ।

EK PANTH EK SOCH

ekpantheksoch@gmail.com www.ekpantheksoch.comEK PANTH EK SOCH

ekpantheksoch@gmail.com www.ekpantheksoch.com

## ਇੱਕ ਪੰਥ ਇੱਕ ਸੋਚ

ਸਿੱਖੀ ਸਰਬੱਤ ਦੇ ਭਲੇ ਲਈ ਹੋਂਦ ਵਿੱਚ ਆਈ ਸੀ। ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟਾਂ ਅਤੇ ਗੁਰਸਿਖਾਂ ਦੇ 250 ਸਾਲ ਦੀ ਕਰੜੀ ਘਾਲ ਅਤੇ ਬੇਅੰਤ ਕੁਰਬਾਨੀਆਂ ਤੋ ਬਾਦ ਸੰਸਾਰ ਦੇ ਸਾਂਝੇ ਰਹਿਬਰ, ਜੁਗੋ ਜੁਗ ਅਟੱਲ **ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਗੱਦੀ ਤੇ ਬਿਰਾਜਮਾਨ ਹੋਏ। ਦਸਮ ਪਿਤਾ ਨੇ ਸ਼ੀਸ਼ ਨਿਵਾਇਆ, ਜ਼ਿਹਨਾਂ ਦਾ ਸ਼ੀਸ਼ ਕੇਵਲ ਪਰਮੇਸ਼ਰ ਅੱਗੇ ਹੀ ਝੁੱਕ ਸਕਦਾ ਸੀ। ਜਿਸਦਾ ਭਾਵ ਸੀ ਕਿ ਹੁਣ ਇਹ ਗੁਰੂ - **ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** - ਹੀ ਹਰ ਸਿੱਖ ਦੇ ਰੱਬ ਰਾਜਾ ਮਹਾਰਾਜਾ ਸਭ ਕੁਝ ਹੀ ਹਨ, ਬਾਕੀ ਸਬ ਨਤਮਸਤਕ ਹੋਣ ਵਾਲੇ ਸਿੱਖ ਮਰਜੀਵੜੇ ਸੇਵਾਦਾਰ ਇਹਨਾਂ ਮਰਜੀਵੜੇ ਸੇਵਾਦਾਰ ਲਈ ਹੀ ਗੁਰੂ ਸਾਹਿਬ ਨੇ ਕਿਹਾ ਸੀ..."**ਇਨ ਪੁਤਰਾਂ ਕੇ ਸ਼ੀਸ਼ ਪੈ ਵਾਰ ਦੀਏ ਸੁਤ ਚਾਰ,**

**ਚਾਰ ਮੁਏ ਤੋਂ ਕਿਆ ਹੁਆ ਜੀਵਤ ਕਈ ਹਜ਼ਾਰ**,

***ਇਹ 'ਹਜ਼ਾਰਾਂ ਅਸੀਂ ਹੀ ਹਾਂ, ..ਇਸਦਾ ਕਰਜ਼ਾ ਸਾਡੇ ਸਬ ਤੇ ਹੈ.***

ਮਨੁੱਖਤਾ ਦੇ ਇਤਿਹਾਸ ਵਿੱਚ ਐਸਾ ਇਹ ਪਹਿਲੀ ਵਾਰ ਹੈ ਜਦੋਂ ਹਾਜ਼ਿਰਾ ਹਜ਼ੂਰ, ਜ਼ਾਹਿਰਾ ਜ਼ਹੂਰ, ਮਨੁੱਖਤਾ ਦੇ ਸਰਬ ਸਾਂਝੇ ਗੁਰੂ/ ਪੀਰ/ ਪੈਗੰਬਰ (**ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ** ਦੇ ਰੂਪ ਵਿੱਚ) ਆਪਣੇ ਪੈਰੋਕਾਰਾਂ (ਸਿਖਾਂ) ਸਮੇਤ ਪੂਰੀ ਦੁਨੀਆਂ ਵਿੱਚ ਇੱਕੋ ਸਮੇਂ ਸਾਖਯਾਤ ਤੌਰ ਤੇ (*Physically*) ਮੌਜੂਦ ਹਨ।

ਸਦੀਆਂ ਤੋਂ ਹਰ ਧਰਮ ਦੇ ਵਿਦਵਾਨ ਇਹ ਕਹਿ ਰਹੇ ਹਨ ਕਿ "**ਇੱਕ ਦਿਨ ਸੰਸਾਰ ਦਾ ਭਲਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿੱਚ ਹੀ ਹੋਣਾ ਹੈ**"। ਸੰਸਾਰ ਦੇ ਬਦਲਦੇ ਹਾਲਾਤ ਵੀ ਇਸ ਸਮੇਂ ਦਾ ਹੀ ਇਸ਼ਾਰਾ ਕਰ ਰਹੇ ਹਨ.

ਇਸ ਦੇ ਨਾਲ ਅੱਜ ਦਾ ਇਹ ਸਮਾਂ ਹੋ ਚੁਕੀਆਂ ਬੇਅੰਤ ਕੁਰਬਾਨੀਆਂ ਦਾ ਕਰਜ ਹਲਕਾ ਕਰਨ ਦਾ ਸ਼ਾਇਦ ਸਾਡਾ ਆਖਰੀ ਮੌਕਾ ਹੋ ਸਕਦਾ ਹੈ। ਇਹ ਕਾਰਜ ਸਾਡਾ ਆਤਮ ਨਿਰੀਖਣ ਅੱਤੇ ਸਾਡੀਆਂ ਵਿਚਾਰਾਂ - ਸਫਲਤਾਵਾਂ ਦਾ ਮੁਲਾਂਕਣ ਭੀ ਕਰੇਗਾ ਕਿ "**ਕੀ ਇਹ ਸਫਲਤਾਵਾਂ ਸਾਡੇ ਨਿੱਜੀ ਸਵਾਰਥ ਲਈ ਹਨ ਜਾਂ ਸਰਬੱਤ ਦੇ ਭਲੇ ਲਈ ਗੁਰੂ ਪਰਮੇਸ਼ਰ ਦੀ ਬਖ਼ਸ਼ੀ ਦਾਤ।" ????..**

ਇੱਕ ਪੰਥ ਇੱਕ ਸੋਚ ਜੋ ਕਿਸੇ ਮਨੁੱਖ ਦੀ ਨਹੀਂ ਬਲਕਿ ਹਰ ਸ਼ਰਧਾਵਾਨ ਸਿੱਖ ਦੀ ਗੁਰੂ ਦੇ ਪਿਆਰ ਵਿਚੋਂ ਉਪਜੀ ਧੁਰ ਅੰਦਰ ਦੀ ਉਹ ਸੋਚ ਹੈ, ਜੋ ਜਾਗਦੀ ਜੋਤ ਜੁਗੋ ਜੁਗ ਅਟੱਲ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬੱਤ ਦੇ ਭਲੇ ਲਈ ਜਗਤ ਗੁਰੂ ਦੇ ਤੱਖਤ ਤੇ ਸੋਭਾਇਮਾਣ ਵੇਖਣਾ ਚਾਹੁੰਦੀ ਹੈ।

ਗੁਰੂ ਸਾਹਿਬ ਜੀ ਦੇ ਹਾਜਿਰ ਨਾਜਿਰ ਹੁੰਦੇ ਹੋਇ ਕਿਸੇ ਇਕ ਸਿੱਖ ਨੂੰ ਧਰਮ ਜਾਂ ਰਾਜਨੀਤੀ ਦੀ ਗੱਦੀ ਤੇ ਬੈਠਣਾ ਸ਼ੋਭਾ ਹੀ ਨਹੀਂ ਦਿੰਦਾ, ਸੇਵਾਦਾਰ ਬਣ ਕੇ ਚਰਨਾਂ ਵਿੱਚ ਰਹਿਣਾ ਹੀ ਜੀਵਨ ਦੀ ਸਫਲਤਾ ਹੈ।

ਅੱਜ ਸਿੱਖਾਂ ਵਿੱਚ ਬਹੁਤ ਹੀ ਡੂੰਘੇ ਤਲ ਤਕ ਪੈ ਚੁੱਕੇ ਪਾੜ ਨੂੰ ਮਿਟਾਉਣ ਦਾ ਵੀ ਇਕ ਹੀ ਰਸਤਾ ਹੈ, ਕਿ ਜੁਗੋ ਜੱਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਦੇ ਰੱਬ ਰਾਜਾ ਮਹਾਰਾਜਾ ਸਬ ਕੁਝ ਹੀ ਅਤੇ ਬਾਕੀ ਹਰ ਸਿੱਖ ਨਿਸਵਾਰਥ ਨਿਸ਼ਕਾਮ ਧੜੇਬੰਦੀ-ਮੁਕਤ ਸੇਵਾਦਾਰ। ਕਿਉਂਕਿ ਗੁਰੂ ਸਾਹਿਬ ਨੇ ਸਿੱਖ ਨੂੰ ਧੜੇਬੰਦੀ ਤੋਂ ਬਾਹਰ ਰੱਖਿਆ ਹੈ।

**(ਧੜੇ ਬਣਾਣ ਵਾਲੇ ਇਹ) ਝੂਠਾ ਅਡੰਬਰ ਕਰ ਕੇ ਇਹ ਧੜੇ ਬਣਾ ਕੇ (ਉਹਨਾਂ ਦੇ ਮਰਨ ਤੇ) ਪਛੁਤਾਂਦੇ ਹਨ। (ਅੰਗ 366)** ਅਤੇ

**(ਹੇ ਭਾਈ!) ਮੇਰੀ ਮਦਦ ਤੇ ਪਰਮਾਤਮਾ ਆਪ ਹੈ ਜਿਸ ਨੇ (ਮੇਰੇ ਅੰਦਰੋਂ) ਇਹ ਸਾਰੇ ਧੜੇ ਮੁਕਾ ਦਿੱਤੇ ਹੋਏ ਹਨ। (ਅੰਗ 366)**

ਸਿੱਖ ਦੀ ਸੇਵਦਾਰੀ ਦਾ ਇਹ ਮਿਸ਼ਨ ਜਗਤ ਗੁਰੂ ਨੂੰ ਪ੍ਰੈਕਟੀਕਲੀ ਰਾਜ ਤਖ਼ਤ ਤੇ ਸੋਭਾਇਮਾਨ ਕਰ, ਆਪ ਸੇਵਾਦਾਰ ਬਣ, ਅਪਣੇ ਅਤੇ ਸਰਬੱਤ ਦੇ ਭਲੇ ਦੇ ਮਿਸ਼ਨ ਵਿਚ ਪ੍ਰਵੇਸ਼ ਕਰਨਾ ਹੈ, ਜਿਸ ਤੋਂ ਕੋਈ ਵੀ ਸਿੱਖ ਇਨਕਾਰੀ ਹੋਣ ਦਾ ਹੱਕ ਨਹੀਂ ਰੱਖਦਾ। ਜੇ ਕੋਈ ਇਨਕਾਰੀ ਹੁੰਦਾ ਹੈ ਤਾਂ ਉਹ ਸਿੱਖ ਹੀ ਨਹੀਂ..।

ਇਸ ਰਾਜ ਦੀ ਬਹਾਲੀ ਲਈ ਸਿੱਖ ਨੂੰ ਅੰਗ 628 ਤੇ ਗੁਰੂ ਸਾਹਿਬ ਆਪਾ ਕੁਰਬਾਨ ਕਰਨ ਦਾ ਇਹ ਨਿਆਰਾ ਰਾਹ ਦੱਸਦੇ ਹਨ।

**(ਸਿੱਖ ਕੋਲ ਨਿਮ੍ਰਤਾ-ਸੁਭਾਉ ਵਾਲੀ ਗ਼ਰੀਬੀ ਦੀ ਗੁਰਜ (ਗਦਾ) ਹੈ. ਸਭ ਦੀ ਚਰਨ-ਧੂੜ ਬਣੇ ਰਹਿਣ ਦਾ ਖੰਡਾ ਹੈ, ਤਾਂ ਇਸ (ਗੁਰਜ) ਅਤੇ ਇਸ (ਖੰਡੇ) ਅੱਗੇ ਕੋਈ ਭੀ ਵਿਕਾਰੀ ਹੰਕਾਰੀ ਟਿਕ ਨਹੀਂ ਸਕੇਗਾ। (ਸਾਨੂੰ) ਪੂਰੇ ਗੁਰੂ ਨੇ ਇਹ ਗੱਲ ਬੁੱਝਾ ਦਿੱਤੀ ਹੈ।**

**(ਜਿਸ ਵੇਲ਼ੇ ਮਨੁੱਖਤਾ ਅਤਿ ਵਿਕਾਰੀ ਹੋ ਜਾਵੇ ਤਾਂ ਮਨੁੱਖਤਾ ਦੇ ਭਲੇ ਲਈ ਗੁਰੂ ਸਾਹਿਬ ਜੀ ਵਲੋਂ ਬਖਸ਼ਿਆ ਇਹ ਪ੍ਰੇਮ ਅਤੇ ਨਿਮਰਤਾ ਦਾ ਹਥਿਆਰ ਹੁਣ ਸਿੰਘ-ਸੁਰਮਿਆਂ ਨੇ ਚੁੱਕਣਾ ਹੈ।)** (ਅੰਗ **628) see the website ekpantheksoch.com**

ਇਸ ਲਈ ਗੁਰੂ ਸਾਹਿਬ ਜੀ ਦੇ ਹਲੇਮੀ ਰਾਜ **ਸਾਰੀ ਲੋਕਾਈ ਦੇ ਮਨੁਖਾਂ ਦੇ ਦਿਲਾਂ ਵਿਚ** ਦੀ ਸਥਾਪਨਾ ਲਈ ਸਬ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਹੱਥ ਜੋੜ ਬੇਨਤੀ ਹੈ, ਕਿ:

- ਗੁਰੂ ਸਾਹਿਬ ਦੇ ਬਖਸ਼ੇ ਗਰੀਬੀ ਦੀ ਗੁਰਜ ਅਤੇ ਸਗਲ ਰੇਣੁ ਦਾ ਖੰਡਾ ਚੁੱਕ ਕੇ ਮਨ ਅਤਿ ਨੀਵਾਂ ਅਤੇ ਮੱਤ ਅਤਿ ਉਚੀ ਰੱਖਕੇ ਆਪ ਜੀ ਗੁਰੂ ਸਾਹਿਬ ਜੀ ਵਲੋਂ ਅੰਗ 730 ਤੇ ਬਖਸ਼ੀ ਜੋਗ ਜੁਗਤ - "**ਹੇ ਨਾਨਕ! ਪਰਮਾਤਮਾ ਦੇ ਮਿਲਾਪ ਦਾ ਅੱਭਿਆਸ ਇਉਂ ਕਰਨਾ ਚਾਹੀਦਾ ਹੈ ਕਿ ਦੁਨੀਆ ਦੇ ਕਾਰ-ਵਿਹਾਰ ਕਰਦਿਆਂ ਹੀ ਵਿਕਾਰਾਂ ਵਲੋਂ ਪਰੇ ਹਟੇ ਰਹਿਣਾ ਚਾਹੀਦਾ ਹੈ।**"ਅਨੁਸਾਰ ਵਿਚਰਦੇ ਹੋਏ ਹੀ ਗੁਰੂ ਸਾਹਿਬ ਜੀ ਵਲੋਂ ਕੀਤੇ ਹੁਕਮ ਸਰਬੱਤ ਦੇ ਭਲੇ ਦੇ ਹਲੇਮੀ ਰਾਜ ਨੂੰ ਹੋਂਦ ਵਿਚ ਲੈ ਕੇ ਆਉਣ ਲਈ
- ਇਸ ਦੀ ਸਦੀਵੀ ਅਗਵਾਈ ਦਾ ਨਕਸ਼ਾ ਬਣਾਉਣ ਲਈ
- ਇਸਦਾ ਆਦਰਸ਼ ਨਮੂਨਾ ਪੰਥ ਅਤੇ ਸੰਸਾਰ ਸਾਹਮਣੇ ਪੇਸ਼ ਕਰਨ ਲਈ

ਸਿਰਫ਼ ਤੇ ਸਿਰਫ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ, ਸਥਾਈ ਅਤੇ ਸਦੀਵੀ ਰਾਜ ਲਈ ਗੁਰੂ ਹੁਕਮਾਨੁਸਾਰ ਇਕ hi (ਸ਼੍ਰੀ ਗੁਰੂ ਗ੍ਰੰਥ ਸਾਹਿਬ ਚਰਨ ਸੇਵਕ ਦਲ) (CSD) ਕਾਇਮ ਕਰੀਏ...

**ਮੁਰਦਾ ਹੋਏ ਮੁਰੀਦ ਨਾਂ ਗਲੀਂ ਹੋਵਣਾ (ਭਾਈ ਗੁਰਦਾਸ ਜੀ ਵਾਰ 3 ਪੌੜੀ 18)**

**ਭਾਈ ਗੁਰਦਾਸ ਜੀ ਦੀ ਇਸ ਵਾਰ ਅਨੁਸਾਰ ਗੱਲਾਂ ਨਾਲ ਨਹੀਂ ਬਲਕਿ ਪ੍ਰੈਕਟੀਕਲ ਚੱਲਕੇ ਹੀ ਗੁਰੂ ਸਾਹਿਬ ਜੀ ਦੇ ਮਰਜੀਵੜੇ ਸੇਵਾਦਾਰ ਹੋਣ ਦਾ ਮਾਨ ਪ੍ਰਾਪਤ ਕਰ ਸਕਦੇ ਹਾਂ।**

**(See the website ekpantheksoch.com)**